WORK SAFE BC | ਨਿਊਜ਼ ਰੀਲੀਜ਼

# WorkSafeBC (ਵਰਕਸੇਫ਼ ਬੀ.ਸੀ.) ਕੰਮ-ਮਾਲਕਾਂ ਨੂੰ ਕੰਮ ਵਾਲੀ ਥਾਂ ਵਿਖੇ ਹਿੰਸਾ ਦੀ ਰੋਕਥਾਮ ਕਰਨ ਦੀ ਉਨ੍ਹਾਂ ਦੀ ਜ਼ਿੰਮੇਵਾਰੀ ਬਾਰੇ ਯਾਦ ਕਰਾਉਂਦੀ ਹੈ

*ਕੰਮ ਵਾਲੀ ਥਾਂ 'ਤੇ ਹਿੰਸਕ ਘਟਨਾਵਾਂ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ 25 ਪ੍ਰਤੀਸ਼ਤ ਵਾਧਾ ਹੋਇਆ ਹੈ*

# WorkSafeBC reminds employers of their obligation to prevent violence in the workplace

*Violent incidents in the workplace have increased 25 per cent over the last five years*

**ਰਿਚਮੰਡ, ਬੀ.ਸੀ. (30 ਮਾਰਚ, 2023)** - WorkSafeBC ਵੱਲੋਂ ਕੰਮ-ਮਾਲਕਾਂ ਨੂੰ ਕੰਮ ਵਾਲੀ ਥਾਂ ਵਿਖੇ ਹਿੰਸਾ ਦੀ ਰੋਕਥਾਮ ਕਰਨ ਅਤੇ ਆਪਣੇ ਕਾਮਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਉਨ੍ਹਾਂ ਦੀ ਜ਼ਿੰਮੇਵਾਰੀ ਬਾਰੇ ਯਾਦ ਕਰਵਾਇਆ ਜਾ ਰਿਹਾ ਹੈ।

**Richmond, B.C. (March 30, 2023)** — WorkSafeBC is reminding employers of their obligation to prevent violence in the workplace and ensure the safety of their workers.

ਪਿਛਲੇ ਪੰਜ ਸਾਲਾਂ ਦੌਰਾਨ, ਬੀ.ਸੀ. ਵਿੱਚ ਹਿੰਸਾ ਦੀਆਂ ਘਟਨਾਵਾਂ ਵਿੱਚ 25 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਕਲੇਮਾਂ ਦਾ ਅੰਕੜਾ 2018 ਵਿੱਚ ਸਵੀਕਾਰ ਕੀਤੇ ਗਏ 2,292 ਕਲੇਮਾਂ ਤੋਂ ਵਧ ਕੇ 2022 ਵਿੱਚ 2,868 ਹੋ ਗਿਆ ਹੈ।

Over the last five years, acts of violence have increased by 25 per cent in B.C., from 2,292 accepted claims in 2018 to 2,868 in 2022.

WorkSafeBC ਵਿਖੇ ਪ੍ਰੀਵੈਨਸ਼ਨ ਫ਼ੀਲਡ ਸਰਵਿਸਿਜ਼ ਦੇ ਆਕੂਪੇਸ਼ਨਲ ਸੇਫ਼ਟੀ ਅਫ਼ਸਰ ਸੰਦੀਪ ਮਾਂਗਟ ਨੇ ਕਿਹਾ, "ਬਦਕਿਸਮਤੀ ਨਾਲ, ਹਿੰਸਾ ਦੀ ਸੰਭਾਵਨਾ ਉਦੋਂ ਮੌਜੂਦ ਹੁੰਦੀ ਹੈ ਜਦੋਂ ਵੀ ਕਾਮਿਆਂ ਅਤੇ ਗੈਰ-ਕਾਮਿਆਂ ਵਿਚਕਾਰ ਸਿੱਧੀ ਗੱਲਬਾਤ ਹੁੰਦੀ ਹੈ।" "ਕੰਮ-ਮਾਲਕਾਂ ਨੂੰ ਲਾਜ਼ਮੀ ਤੌਰ 'ਤੇ ਅਜਿਹੀ ਕੰਮ ਵਾਲੀ ਥਾਂ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਹਿੰਸਾ ਦੀ ਧਮਕੀ ਤੋਂ ਵੱਧ ਤੋਂ ਵੱਧ ਸੰਭਵ ਹੱਦ ਤਕ ਸੁਰੱਖਿਅਤ ਹੋਵੇ।"

“Unfortunately, the potential for violence exists whenever there is direct interaction between workers and non-workers,” said Sandeep Mangat, Occupational Safety Officer of Prevention Field Services at WorkSafeBC. "Employers must provide a workplace as safe from the threat of violence as possible."

WorkSafeBC ਦੇ ਅਧਿਨਿਯਮਾਂ ਮੁਤਾਬਕ ਇਹ ਜ਼ਰੂਰੀ ਹੈ ਕਿ ਕੰਮ-ਮਾਲਕ ਖ਼ਤਰੇ ਦਾ ਮੁਲਾਂਕਣ ਕਰਨ, ਹਿੰਸਾ ਦੇ ਖ਼ਤਰੇ ਤੋਂ ਕਾਮਿਆਂ ਦੀ ਸੁਰੱਖਿਆ ਲਈ ਅਤੇ ਕਾਮਿਆਂ ਨੂੰ ਹਦਾਇਤਾਂ ਦੇਣ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਸਥਾਪਤ ਕਰਨ।

WorkSafeBC regulations require that employers conduct a risk assessment, have policies and procedures in place to protect workers from the risk of violence, and to provide instruction to workers.

ਕੰਮ ਵਾਲੀ ਥਾਂ ਵਿਖੇ ਜਿੱਥੇ ਕਿਤੇ ਹਿੰਸਾ ਦਾ ਖ਼ਤਰਾ ਹੁੰਦਾ ਹੈ, ਕੰਮ-ਮਾਲਕਾਂ ਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਖ਼ਤਰਿਆਂ ਨੂੰ ਖ਼ਤਮ ਕਰਨ ਜਾਂ ਘੱਟ ਤੋਂ ਘੱਟ ਕਰਨ ਲਈ ਉਪਾਅ ਲਾਗੂ ਕਰਨੇ ਚਾਹੀਦੇ ਹਨ। ਹਿੰਸਾ ਦੀ ਰੋਕਥਾਮ ਲਈ ਨੀਤੀਆਂ ਦਾ ਵਿਕਾਸ ਕਰਨਾ ਅਤੇ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨਾ, ਕਰਮਚਾਰੀਆਂ ਨੂੰ ਸਿਖਲਾਈ ਅਤੇ ਸਿੱਖਿਆ ਪ੍ਰਦਾਨ ਕਰਾਉਣਾ, ਅਤੇ ਸਮੇਂ-ਸਮੇਂ 'ਤੇ ਖ਼ਤਰੇ ਦਾ ਮੁਲਾਂਕਣ ਕਰਨਾ ਉਪਾਵਾਂ ਵਿੱਚ ਸ਼ਾਮਲ ਹੋ ਸਕਦੇ ਹਨ। ਕੰਮ ਦੀਆਂ ਸੁਰੱਖਿਅਤ ਪ੍ਰਕਿਰਿਆਵਾਂ ਦੇ ਨਾਲ-ਨਾਲ, ਪਰਤੱਖ ਰੁਕਾਵਟਾਂ, ਰੋਸ਼ਨੀ ਅਤੇ ਕੰਮ ਕਰਦੇ ਹੋਏ ਦੂਜੇ ਵਿਅਕਤੀਆਂ ਨੂੰ ਨਜ਼ਰ ਆਉਂਦੇ ਰਹਿਣਾ ਵੀ ਅਸਰਦਾਰ ਉਪਾਅ ਹੋ ਸਕਦੇ ਹਨ।

Where there is a risk of violence at work, employers must implement controls to eliminate or minimize these risks. These controls can include developing and implementing violence-prevention

policies, providing training and education to employees, and regularly conducting risk assessments. Physical barriers, lighting and public visibility, along with safe-work procedures, could also serve as effective controls.

ਕੰਮ-ਮਾਲਕਾਂ ਨੂੰ ਲਾਜ਼ਮੀ ਤੌਰ 'ਤੇ ਆਪਣੇ ਹਿੰਸਾ ਰੋਕਥਾਮ ਪ੍ਰੋਗਰਾਮ ਦੀ ਹਰ ਸਾਲ ਸਮੀਖਿਆ ਅਤੇ ਇਸ ਨੂੰ ਨਵੀਨਤਮ ਕਰਨਾ ਚਾਹੀਦਾ ਹੈ ਤਾਂ ਕਿ ਕੰਮ ਵਾਲੀ ਥਾਂ ਦੇ ਮਾਹੌਲ ਵਿੱਚ ਤਬਦੀਲੀ ਆਉਣ ਦੇ ਨਾਲ-ਨਾਲ ਇਸ ਦੀ ਅਸਰਦਾਇਕਤਾ ਨੂੰ ਯਕੀਨੀ ਬਣਾਇਆ ਜਾ ਸਕੇ।

Employers must review and update their violence prevention program annually to ensure its effectiveness as the work environment changes.

## ਇਕੱਲੇ ਕੰਮ ਕਰਨਾ

## Working alone

ਇਕੱਲੇ ਕੰਮ ਕਰਨ ਵਾਲੇ ਕਾਮਿਆਂ ਨੂੰ ਟਕਰਾਵ ਜਾਂ ਇੱਥੋਂ ਤਕ ਕਿ ਹਿੰਸਾ ਦਾ ਵੱਧ ਖ਼ਤਰਾ ਹੋ ਸਕਦਾ ਹੈ, ਖਾਸ ਕਰਕੇ ਜੇ ਉਹ ਦੇਰ ਰਾਤ ਦੇ ਘੰਟਿਆਂ ਦੌਰਾਨ ਕੰਮ ’ਤੇ ਹੁੰਦੇ ਹਨ।

Lone workers may be at increased risk of confrontations or even violence, particularly if they are on shift during late-night hours.

ਕੰਮ-ਮਾਲਕਾਂ ਨੂੰ ਲਾਜ਼ਮੀ ਤੌਰ 'ਤੇ ਸੰਭਾਵੀ ਜੋਖਮਾਂ ਦੀ ਪਛਾਣ ਕਰਨੀ ਚਾਹੀਦੀ ਅਤੇ ਉਨ੍ਹਾਂ ਕਾਮਿਆਂ ਵਾਸਤੇ ਨੁਕਸਾਨ ਦੇ ਖ਼ਤਰੇ ਨੂੰ ਖ਼ਤਮ ਜਾਂ ਘੱਟ ਤੋਂ ਘੱਟ ਰੱਖਣ ਵਾਸਤੇ ਉਪਾਅ ਲਾਗੂ ਕਰਨੇ ਚਾਹੀਦੇ ਹਨ ਜਿਹੜੇ ਕਾਮੇ ਇਕੱਲੇ ਜਾਂ ਬਾਕਿਆਂ ਤੋਂ ਅਲਹਿਦੇ ਹੋ ਕੇ ਕੰਮ ਕਰਦੇ ਹਨ। ਇਸ ਵਿੱਚ ਕਾਮਿਆਂ ਨੂੰ ਰੇਡੀਓ ਜਾਂ ਫ਼ੋਨ ਜਿਹੇ ਸੰਚਾਰ ਦੇ ਸਾਧਨ ਜਾਂ ਇੱਕ ਚੈੱਕ-ਇਨ ਸਿਸਟਮ ਪ੍ਰਦਾਨ ਕਰਾਉਣਾ ਵੀ ਸ਼ਾਮਲ ਹੋ ਸਕਦਾ ਹੈ।

Employers must ~~conduct a risk assessment to~~ identify potential hazards and implement measures to eliminate or minimize the risk of harm for workers who work alone or in isolation. This may include providing workers with communication means, such as a radio or phone, or a check-in system.

ਕਾਮਿਆਂ ਦੀ ਸਲਾਮਤੀ ਨੂੰ ਯਕੀਨੀ ਬਣਾਉਣ ਲਈ WorkSafeBC ਨੇਮਬੱਧ ਅੰਤਰਾਲਾਂ ’ਤੇ ਚੈੱਕ-ਇਨ ਦੀ ਲੋੜ ’ਤੇ ਜ਼ੋਰ ਦਿੰਦਾ ਹੈ। ਅਜਿਹਾ ਕਰਨ ਲਈ ਅੰਤਰਾਲਾਂ ਦਾ ਤੈਅ ਸਮਾਂ ਹੋਣਾ ਚਾਹੀਦਾ ਹੈ ਅਤੇ ਐਮਰਜੰਸੀ ਬਚਾਅ ਪ੍ਰਬੰਧਾਂ ਅਤੇ ਚੈੱਕ-ਇਨ ’ਤੇ ਨਜ਼ਰ ਰੱਖਣ ਲਈ ਜ਼ਿੰਮੇਵਾਰ ਮਨੋਨੀਤ ਵਿਅਕਤੀ ਹੋਣੇ ਚਾਹੀਦੇ ਹਨ।

WorkSafeBC emphasizes the need for regular interval check-ins to ensure workers' well-being. With set time intervals, emergency rescue provisions, and designated persons responsible for keeping track of check-ins.

ਮਾਂਗਟ ਨੇ ਕਿਹਾ, “ਹਿੰਸਾ ਦਾ ਕਾਮਿਆਂ ਉੱਪਰ ਵੱਡਾ ਸਰੀਰਕ ਅਤੇ ਮਨੋਵਿਗਿਆਨਕ ਪ੍ਰਭਾਵ ਪੈ ਸਕਦਾ ਹੈ।” “ਕੰਮ-ਮਾਲਕਾਂ ਨੂੰ ਲਾਜ਼ਮੀ ਤੌਰ ’ਤੇ ਆਪਣੀ ਕੰਮ ਵਾਲੀ ਥਾਂ ਵਿੱਚ ਹਿੰਸਾ ਦੇ ਖ਼ਤਰੇ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਇਸ ਦਾ ਹੱਲ ਕਰਨਾ ਚਾਹੀਦਾ ਹੈ ਅਤੇ ਇਸ ਪ੍ਰਕਿਰਿਆ ਵਿੱਚ ਕਾਮਿਆਂ ਨੂੰ ਸ਼ਾਮਲ ਕਰਨਾ ਮਹੱਤਵਪੂਰਨ ਹੈ।”

"Violence can have a significant physical and psychological impact on workers," said Mangat. "Employers must identify and address the risk of violence in their workplace and it’s important to involve workers in this process."

ਮਾਂਗਟ ਨੇ ਨਾਲ ਹੀ ਇਹ ਵੀ ਕਿਹਾ ਕਿ 20 ਤੋਂ ਵੱਧ ਕਰਮਚਾਰੀਆਂ ਵਾਲੇ ਕੰਮ-ਮਾਲਕਾਂ ਨੂੰ ਹਿੰਸਾ ਰੋਕਥਾਮ ਪ੍ਰੋਗਰਾਮ ਨੂੰ ਸਾਂਝੀ ਸਿਹਤ ਅਤੇ ਸੁਰੱਖਿਆ ਕਮੇਟੀ ਦੇ ਸਹਿਯੋਗ ਨਾਲ ਵਿਕਸਤ ਅਤੇ ਲਾਗੂ ਕਰਨਾ ਚਾਹੀਦਾ ਹੈ।

Mangat adds that for employers with more than 20 employees, the violence prevention program should be developed and implemented in cooperation with the joint health and safety committee.

**ਸਰੋਤ**:

**Resources**:

- ਮੀਡੀਆ ਪਿਛੋਕੜ: ਕਾਰਜ-ਸਥਾਨ ਵਿੱਚ ਹਿੰਸਾ
- WorkSafeBC ਵੈੱਬਸਾਈਟ: ਹਿੰਸਾ
- ਆਕੂਪੇਸ਼ਨਲ ਸਿਹਤ ਅਤੇ ਸੁਰੱਖਿਆ ਅਧਿਨਿਯਮ : ਕਾਰਜ-ਸਥਾਨ ਵਿੱਚ ਹਿੰਸਾ ਅਤੇ ਇਕੱਲੇ ਜਾਂ ਅਲਹਿਦੇ ਕੰਮ ਕਰਨਾ।
- Media Backgrounder: Violence in the Workplace.
- WorkSafeBC Website: Violence.
- Occupational Health and Safety Regulation: Violence in the Workplace and Working Alone or in Isolation.

-30-

**WorkSafeBC ਬਾਰੇ**

*WorkSafeBC ਬ੍ਰਿਟਿਸ਼ ਕੋਲੰਬੀਆ ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਦੀ ਰੋਕਥਾਮ ਕਰਨ ਲਈ ਕਾਮਿਆਂ ਅਤੇ ਕੰਮ-ਮਾਲਕਾਂ ਨਾਲ ਤਾਲਮੇਲ ਕਰਦੀ ਹੈ। ਜਦੋਂ ਕੰਮ ਨਾਲ ਸੰਬੰਧਤ ਸੱਟਾਂ ਜਾਂ ਬਿਮਾਰੀਆਂ ਵਾਪਰਦੀਆਂ ਹਨ, ਉਦੋਂ WorkSafeBC ਲੋਕਾਂ ਨੂੰ ਮੁਆਵਜ਼ਾ ਦਿੰਦੀ ਹੈ ਅਤੇ ਉਨ੍ਹਾਂ ਦੀ ਮੁੜ-ਸਿਹਤਯਾਬੀ, ਮੁੜ-ਵਸੇਬੇ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿੱਚ ਸਹਾਇਤਾ ਪ੍ਰਦਾਨ ਕਰਾਉਂਦੀ ਹੈ। ਅਸੀਂ ਸਾਰੇ ਬ੍ਰਿਟਿਸ਼ ਕੋਲੰਬੀਆ ਵਿੱਚ 2.6 ਮਿਲੀਅਨ ਕਾਮਿਆਂ ਅਤੇ 270,000 ਰੁਜ਼ਗਾਰਦਾਤਾਵਾਂ ਨੂੰ ਸੇਵਾਵਾਂ ਦਿੰਦੇ ਹਾਂ।*

**About WorkSafeBC**

*WorkSafeBC engages workers and employers to prevent injury, disease, and disability in B.C. When work-related injuries or diseases occur, WorkSafeBC provides compensation and support to people in their recovery, rehabilitation, and safe return to work. We serve 2.6 million workers and 270,000 employers across B.C.*

**ਵਧੇਰੇ ਜਾਣਕਾਰੀ ਵਾਸਤੇ, ਸੰਪਰਕ ਕਰੋ:**

ਮੀਡੀਆ ਰਿਲੇਸ਼ਨਜ਼, WorkSafeBC

ਈਮੇਲ: media@worksafebc.com

ਫੋਨ: 604-276-5157

**For more information, contact:**

Media Relations, WorkSafeBC
Email: media@worksafebc.com

Tel: 604-276-5157